# ਸ੍ਰੀ ਅਕਾਲ ਤਖ਼ਤ ਸਾਹਿਬ

**ਗਿਆਨੀ ਗੁਰਬਚਨ ਸਿੰਘ***

ਸਿਖ ਇਤਿਹਾਸ ਅਨੁਸਾਰ ਸਿਖ ਪੰਥ ਨੂੰ ਸੈਨਿਕ ਤੌਰ ਤੇ ਜਥੇਬੰਦ ਕਰਨ ਦਾ ਫੈਸਲਾ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਨੇ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦੇ ਹੁਕਮ ਦੇ ਅਨੁਸਾਰ ਵਸੀਅਤ ਦੇ ਅਨੁਸਾਰ ਕੀਤਾ ਸੀ । ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਸਿਖ ਪੰਥ ਦੇ ਵਿਕਾਸ ਲਈ ਜੋ ਅਗੇਲਰੀ ਮੰਜ਼ਲ ਹੈ ਉਸ ਨੂੰ ਆਉਣ ਵਾਲੇ ਸਮੇਂ ਲਈ ਅਨੁਭਵ ਕਰਦਿਆਂ ਹੋਇਆਂ, (ਜੋ ਇਤਿਹਾਸ ਦੇ ਵਿਚ ਜ਼ਿਕਰ ਹੈ ਭਾਈ ਸ਼ਿੰਗਾਰੂ ਤੇ ਭਾਈ ਜੈਤਾ ਵਰਗੇ ਸੂਰਬੀਰ ਸਿਖਾਂ ਨੂੰ ਕਿਹਾ ਸੀ ਕਿ ਅਸੀਂ ਜਿਹੜੇ ਸਸ਼ਤਰ ਪਕੜਨੇ ਨੇ ਇਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਸਰੂਪ ਧਾਰ ਕੇ ਪਕੜਨੇ ਨੇ । ਸਮਾਂ ਕਲਜੁਗ ਦਾ ਵਕਤ ਹੈ । ਸ਼ਸਤਰੀ ਵਿਦਿਆ ਕਰਕੇ ਮੀਰ ਦੀ ਮੀਰੀ ਜਿਤ ਲੈਣੀ ਹੈ ਅਤੇ ਸ਼ਬਦੀ ਪ੍ਰੀਤ ਦੇ ਨਾਲ ਪੀਰਾਂ ਦੀ ਪੀਰੀ ਜਿਤ ਲੈਣੀ ਹੈ । ਅਤੇ ਤੁਸੀਂ ਛੇਵੀਂ ਪਾਤਸ਼ਾਹੀ ਦੇ ਹਜ਼ੂਰ ਰਹਿਣਾ ਹੈ), ਸਤਿਗੁਰਾਂ ਨੇ ਇਹ ਬਚਨ ਕਹੇ ਸਨ ਸ਼ਹੀਦੀ ਦੇਣ ਤੋ ਪਹਿਲੋਂ । ਪੰਚਮ ਪਾਤਸ਼ਾਹ ਨੇ ਆਪਣੇ ਸ਼ਹੀਦੀ ਸੰਦੇਸ਼ ਵਿਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੂੰ ਇਹ ਹਦਾਇਤ ਕੀਤੀ ਸੀ ਜੋ ਇਤਿ!ਹਾਸ ਦੇ ਪੰਨਿਆਂ ਉਤੇ ਅੰਕਿਤ ਹੈ, "ਸਾਹਿਬ ਹੋਏ ਤਖ਼ਤ ਬਿਰਾਜੋ, ਯਥਾ ਸ਼ਕਤ ਸੈਨਾ ਸੰਗ ਸਾਜੋ ॥

ਤਖ਼ਤ ਰਚਨ ਤੇ ਸੈਨਿਕ ਜਥੇਬੰਦੀ ਕਾਇਮ ਕਰਨ ਤੋਂ ਭਾਵ ਇਹ ਬਿਲਕੁਲ ਨਹੀ ਸੀ ਕਿ ਪੂਰਬਲੇ ਗੁਰੂ ਸਾਹਿਬਾਨ ਦੀ ਜੋ ਅਧਿਆਤਮਕ ਰੀਤ ਹੈ ਉਸਨੂੰ ਤਿਆਗ ਦਿਤਾ ਜਾਵੇ । ਪੰਚਮ ਪਾਤਸ਼ਾਹ ਦਾ ਇਸ ਸੰਬੰਧ ਵਿਚ ਸੰਦੇਸ਼ ਹੈ :

ਬਿਰਧ ਆਦਕ ਸਿਖਨ ਸਨਮਾਨੋ ॥ ਪੂਰਵ ਗੁਰਨ ਦੀ ਰੀਤ ਪਰਵਾਨੋ ॥
ਨਈ ਰੀਤ ਇਕ ਰਣ ਕੀ ਕੀਜੇ ॥ ਅਪਣੇ ਪ੍ਰਥਮ ਸਿਉਂ ਗਤੀ ਚਲੀਜੇ ॥

ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਵਿਰਸੇ ਵਿਚ ਪ੍ਰਾਪਤ ਹੋਇਆ ਜੋ ਚਿੰਤਨ ਸੀ ਉਸ ਨੇ ਗੁਰੂ ਹਰ ਗੋਬਿੰਦ ਸਾਹਿਬ ਜੀ ਨੂੰ ਅਕਾਲ ਤਖ਼ਤ ਦੀ ਸਥਾਪਨਾ ਦੇ ਲਈ ਪ੍ਰੇਰਨਾ ਤੇ ਉਤਸ਼ਾਹ ਪ੍ਰਦਾਨ ਕੀਤਾ ਹੈ । ਭਾਵੇਂ ਸਿਖ ਗੁਰੂ ਸਮੇਂ ਸਮੇਂ ਸਮਕਾਲੀ ਰਾਜਨੀਤੀ ਵਿਚ ਜ਼ੁਲਮ ਤੇ ਬੇਇਨਸਾਫੀ ਦੇ ਖਿਲਾਫ ਅਵਾਜ਼ ਬੁਲੰਦ ਕਰਦੇ ਰਹੇ । ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਹੀ ਸਤਿਗੁਰੂ ਪਾਤਸ਼ਾਹ ਨੇ ਬੇਇਨਸਾਫੀ ਵਿਰੁਧ ਆਵਾਜ਼ ਉਠਾਈ ਅਤੇ ਇਥੋਂ ਤਕ ਬਚਨ ਕਹੇ ਸਨ, "ਰਾਜੇ ਸ਼ੀਹ ਮੁਕਦਮ ਕੁਤੇ ॥ ਜਾਇ ਜਗਾਇਂ ਬੈਠੇ ਸੁਤੇ ॥"

ਇਹ ਪਾਵਨ ਬਚਨ ਗੁਰੂ ਨਾਨਕ ਸਾਹਿਬ ਨੇ ਕਹੇ ਸਨ ਪਰ ਤਦੋਂ ਤਕ ਉਨ੍ਹਾਂ ਨੂੰ ਸਿਖਾਂ ਨੇ ਸੰਸਥਾਗਤ ਤੇ ਸੰਗਠਤ ਰੂਪ ਵਿਚ ਸਵੈ-ਰਖਿਆ ਕਰਨ ਵਾਸਤੇ ਸੰਘਰਸ਼ ਦੇ ਰਸਤੇ ਤੇ ਨਹੀਂ ਸੀ ਤੋਰਿਆ । ਸੁਭਾਵਕ ਹੈ ਕਿ ਸੈਨਿਕ ਤੇ ਸੰਘਰਸ਼ ਦੀ ਨੀਤੀ ਕਾਰਨ ਕਿਸੇ ਨਾ ਕਿਸੇ ਵੇਲੇ ਰਾਜ ਸੱਤਾ ਨਾਲ ਟਕਰਾਅ ਹੋਣਾ ਨਿਸਚਿਤ ਹੈ । ਇਸ ਲਈ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸੈਨਿਕ ਸ਼ਕਤੀ ਦਾ ਗਠਨ ਕਰਨ ਅਤੇ ਸਿਖ ਪੰਥ ਵਿਚ ਧਰਮ ਤੇ ਰਾਜ ਨੀਤੀ ਵਿਚਾਰ ਦਾ ਸੁਮੇਲ ਪੈਦਾ ਕਰਨ ਦੇ ਲਈ ਮੀਰੀ ਤੇ ਪੀਰੀ ਦੇ ਸਿਧਾਂਤ ਨੂੰ ਪ੍ਰਿਤਪਾਲਨ ਕੀਤਾ । ਮੀਰੀ ਪੀਰੀ ਦੇ ਸਿਧਾਂਤ ਪਖ ਤੋਂ, ਸੰਸਥਾਈ ਰੂਪ ਵਿਚ ਪ੍ਰਜਵਲਤ ਕਰਨ ਲਈ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਇਕ ਅਹਿਮ ਜ਼ਰੂਰਤ ਸੀ । ਹੁਣ ਤਕ ਸਿਖ ਗੁਰੂ ਸਾਹਿਬਾਨ ਸਿਖਾਂ ਦੇ ਧਾਰਮਿਕ ਨੇਤਾ ਵਜੋਂ ਅਗਵਾਈ ਕਰਦੇ ਰਹੇ ਸਨ । ਪਰ ਸਮਕਾਲੀਨ ਪ੍ਰਸਥਿਤੀਆਂ ਵਿਚ ਜਿਵੇਂ ਹੁਣ ਬਣੀਆਂ ਹੋਇਆ ਨੇ ਪੰਥ ਦੀ ਸਵੈਮਾਨ ਤੇ ਧਾਰਮਿਕ ਹੋਂਦ ਖਤਰੇ ਵਿਚ ਸੀ ।

* Ex-Jathedar, Takht Sri Damdama Sahib, Talwandi Sabo.

ਗੁਰੂ ਹਰਗੋਬਿੰਦ ਜੀ ਦੇ ਕੋਲ ਦੋ ਰਸਤੇ ਸਨ, ਉਹ ਜਾ ਤਾਂ ਸਰਕਾਰ ਦੀ ਬੇਇਨਸਾਫੀ ਅਗੇ ਸਮਰਪਨ ਕਰ ਦੇਣ ਜਾਂ ਫਿਰ ਉਸਦਾ ਵਿਰੋਧ ਕਰਨ । ਗੁਰੂ ਸਾਹਿਬਾਨ ਨੇ ਸਿਖ ਚਿੰਤਨ ਅਨੁਸਾਰ ਬਦੀ ਨਾਲ ਸਮਝੋਤਾਂ ਕਰਨ ਨਾਲੋਂ ਇਸ ਵਿਰੁਧ ਸੰਘਰਸ਼ ਕਰਨਾ ਉਚਿਤ ਸਮਝਿਆ । ਇਸ ਲਈ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਮੀਰੀ ਪੀਰੀ ਦੀ ਮਰਿਆਦਾ ਬੰਨ੍ਹਣ ਤੇ ਇਸ ਦੀ ਨਿਗਰਾਣੀ ਕਰਨ ਲਈ ਬਾਣੀ ਦੇ ਧੁਨੰਤਰ ਵੈਦ ਭਾਈ ਗੁਰਦਾਸ ਜੀ ਨੂੰ ਜ਼ਿੰਮੇਵਾਰੀ ਸੌਂਪੀ । ਅਸੀਂ ਕਹਿ ਸਕਦੇ ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਪਹਿਲੇ ਜਥੇਦਾਰ ਜਾਂ ਪਹਿਲੇ ਪ੍ਰਬੰਧਕ ਭਾਈ ਸਾਹਿਬ ਭਾਈ ਗੁਰਦਾਸ ਜੀ ਨਿਯੁਕਤ ਹੋਏ ।

ਉਨ੍ਹਾਂ ਦਾ ਇਸ ਪਦ ਤੇ ਸ਼ਸ਼ੋਭਿਤ ਹੋਣਾ ਗੁਰੂ ਹਰਗੋਬਿੰਦ ਸਾਹਿਬ ਦੀ ਦੂਰ ਅੰਦੇਸ਼ੀ ਨੂੰ ਪ੍ਰਗਟਾਉਂਦਾ ਸੀ । ਕਿਉਂਕਿ ਸਿਖ ਪੰਥ ਵਿਚ ਧਰਮ ਤੇ ਰਾਜਨੀਤੀ ਦੇ ਸੁਮੇਲ ਤੇ ਸ਼ਕਤੀ ਦੀ ਵਰਤੋ ਬਾਰੇ ਬਾਰ ਬਾਰ ਉਠੇ ਸ਼ੰਕਿਆਂ ਨੂੰ ਸਿਖ ਬ੍ਰਹਮ ਵਿਦਿਆ ਦੇ ਸੂਖਮ ਭੇਦਾਂ ਤੋਂ ਜਾਣੂ ਵਿਅਕਤੀ ਹੀ ਨਵਿਰਤ ਕਰ ਸਕਦਾ ਸੀ । ਮੌਜੂਦਾ ਦੌਰ ਵਿਚ ਵੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਿਚ ਅਜਿਹੀ ਵਿਦਵਤਾ ਦੇ ਗੁਣ ਹੋਣੇ ਬਹੁਤ ਜ਼ਰੂਰੀ ਹਨ । ਵਰਤਮਾਨ ਪ੍ਰਸੰਗ ਵਿਚ ਉਠੇ ਸੁਆਲਾਂ ਤੇ ਭਾਵਨਾ ਬਾਰੇ, ਜੋ ਹੁਣ ਚਲ ਰਿਹਾ ਹੈ ਵਾਦ ਵਿਵਾਦ, ਤੇ ਜੋ ਉਹ ਪ੍ਰਸ਼ਨ ਕਰਦੇ ਹਨ, ਉਹ ਉਨ੍ਹਾਂ ਦਾ ਉਤਰ ਦੇਣ ਦੇ ਸਮਰਥ ਹੋਣ । (ਜੋ ਕੁਝ ਕੁ ਅਸ਼ਰਧਕ ਤੇ ਭਾਵਨਾ ਵਿਹੂਣਿਆ ਦੀ ਸੋਚਾਂ ਦੀ ਉਪਜ ਨੇ ।)

ਕਦੇ ਵੀ ਜਾਤੀ ਸੋਚ ਜਾ ਜਾਤੀ ਰੰਜਸ਼ ਦੇ ਅਧੀਨ ਜਮਾਤੀ ਸਿਸਟਮ ਉਤੇ ਫੈਸਲੇ ਨਹੀਂ ਠੋਸੇ ਜਾਂਦੇ । ਕਿਉਂਕਿ ਗੁਰੂ ਪਾਤਸ਼ਾਹ ਮਗਰੋਂ ਸਿਰਜੇ ਤੇ ਸਵਾਰੇ ਇਸ ਮਹਾਨ ਤਖ਼ਤ ਨੂੰ ਸਮੁਚੀ ਕੌਮ ਆਪਣਾ ਸਵੈਮਾਨ ਸਮਝਦੀ ਹੈ । ਸੁਵਰਗਵਾਸੀ ਪ੍ਰਿਸੀਪਲ ਨਰਿੰਦਰ ਸਿੰਘ ਸੋਚ ਨੇ ਇਕ ਬੜਾ ਸੁੰਦਰ ਸ਼ਬਦ ਲਿਖਿਆ ਹੈ ਆਪਣੀ ਲੇਖਣੀ ਵਿਚ । ਬੜੇ ਭਾਵ ਪੂਰਕ ਸ਼ਬਦ ਨੇ ਉਨ੍ਹਾਂ ਦੇ "ਵਿਸ਼ਵ ਦਾ ਇਤਿਹਾਸ" ਪੜੀਏ ਤਾਂ ਤਖ਼ਤ ਗਿਣੇ ਨਹੀਂ ਜਾਂਦੇ । ਤਖ਼ਤਾਂ ਤੇ ਕਬਜ਼ਾ ਕੀਤਾ ਜਾਂਦਾ ਹੈ । ਤਖ਼ਤ ਬਣਾਇ ਜਾਂਦੇ ਹਨ, ਫਸਲਾਂ ਵਾਂਗੂ ਉਗਾਇ ਜਾਂਦੇ ਨੇ, ਫਸਲਾਂ ਵਾਗੂੰ ਵੱਢੇ ਜਾਂਦੇ, ਪਰ ਸ੍ਰੀ ਅਕਾਲ ਤਖ਼ਤ ਸਾਹਿਬ ਇਹ ਗੁਰਬਾਣੀ ਦਾ ਸੰਕਲਪ ਹੈ । ਇਹ ਕੇਵਲ ਤਖ਼ਤ ਨਹੀਂ ਹੈ ਇਹਦੇ ਨਾਲ ਸ੍ਰੀ ਵੀ ਹੈ ਸਾਹਿਬ ਵੀ ਹੈ ਜੀ ਵੀ ਹੈ ਤੇ ਅਕਾਲ ਵੀ ਹੈ ਭਾਵ ਇਹ ਚਾਰ ਸ਼ਬਦ ਇਸ ਨੂੰ ਵਿਸ਼ਵ ਦੇ ਤਖ਼ਤਾਂ ਤੋਂ ਵਖਰਾ ਕਰਦੇ ਨੇ । ਇਹਦੀ ਵਿਲਖਣਤਾ ਹੈ । ਹੁਣ ਵਰਤਮਾਨ ਦੀ ਗਲ ਕਰੀਏ ਤੇ ਅਜ ਵੀ ਵਿਸ਼ਵ ਭਰ ਦੀਆਂ ਸੰਗਤਾਂ ਦੇ ਕੌਮੀ ਮੁਦਿਆਂ ਬਾਰੇ ਪ੍ਰਤੀ ਆਸ ਵੀ ਅਕਾਲ ਤਖ਼ਤ ਸਾਹਿਬ ਨਾਲ ਜੁੜ੍ਹੀ ਹੋਈ ਹੈ ਅਤੇ ਇਥੋਂ ਹੁੰਦੇ ਹਰ ਫੈਸਲਿਆਂ ਨੂੰ ਉਚੇਤ ਸਮਝਿਆਂ ਜਾਂਦਾ ਹੈ । ਸੰਸਾਰ ਭਰ ਵਿਚ ਵਸਦਾ ਨਾਨਕ ਨਾਮ ਲੇਵਾ ਇਥੇ ਆ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਫਰਜ਼ ਸਮਝਦਾ ਹੈ ਅਤੇ ਮਾਣ ਨਾਲ ਕਹਿੰਦਾ ਹੈ ਕਿ ਅਸੀਂ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਛਕਿਆ ਹੈ । ਬੇਅੰਤ ਸੰਗਤਾਂ ਅੰਮ੍ਰਿਤ ਦੀ ਦਾਤ ਲੈ ਕੇ ਗੁਰੂ ਨਾਲ ਜੁੜੀਆਂ ਹਨ ਤੇ ਜੁੜ ਰਹੀਆਂ ਹਨ ਤੇ ਜੁੜਦੀਆਂ ਰਹਿਣ ਗੀਆਂ । ਅਜ ਵੀ ਸਿਖ ਰਹਿਤ ਮਰਿਆਦਾ ਦੇ ਪ੍ਰਚਾਰ ਤੇ ਪ੍ਰਸਾਰ ਦੇ ਲਈ ਉਦਮੀ ਗੁਰਸਿਖਾਂ ਨੂੰ ਕਹਿੰਦਿਆਂ ਸੁਣਿਆ ਹੈ ਕਿ ਅਸੀਂ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਮੰਨਦੇ ਹਾਂ ।

ਗਿਆਨੀ ਹਰਿੰਦਰ ਸਿੰਘ ਜੀ ਜਿਥੇ ਵੀ ਜਾ ਕੇ ਸੰਗਤਾਂ ਨੂੰ ਸੰਬੋਧਨ ਕਰਦੇ ਨੇ ਇਹ ਵਿਸ਼ੇਸ਼ ਕਰਕੇ ਜ਼ਿਕਰ ਕਰਦੇ ਨੇ ਕਿ ਮਰਿਆਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੀ ਪੰਥਕ ਮਰਿਆਦਾ ਹੈ । ਬਾਕੀ ਜਿਤਨੀਆਂ ਵੀ ਮਰਿਆਦਾਵਾਂ ਨੇ ਉਹ ਡੇਰਿਆਂ ਦੀ ਮਰਿਆਦਾਵਾਂ ਹਨ ਅਤੇ ਇਹੋ ਬਚਨ ਬਹੁਤ ਹੀ ਸਤਿਕਾਰਯੋਗ ਸਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਜੀ ਨੇ ਆਪਣੇ ਮੁਖਾਰ ਬਿੰਦ ਤੋਂ ਕਹੇ ਸਨ । ਅਤੇ ਦਾਸ ਨੂੰ ਯਾਦ ਹੈ ਕਿ ਇਕ ਵਾਰੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਆਪ ਸ੍ਰੀ ਅਕਾਲ ਤਖ਼ਤ ਦੇ ਪੰਜ ਪਿਆਰਿਆਂ ਵਿਚ ਅੰਮ੍ਰਿਤ ਛਕਾਉਣ ਦੀ ਸੇਵਾ ਵਿਚ ਸ਼ਾਮਲ ਹੋਏ ਅਤੇ ਉਸੇ ਮਰਿਆਦਾ ਨਾਲ ਅੰਮ੍ਰਿਤ ਛਕਾਇਆ ਗਿਆ ਜਿਹੜੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਹੈ ਕਿਉਕਿ ਪੰਥਕ ਮਰਿਆਦਾ ਹੈ । ਅਜ ਵੀ ਖਾਸ ਕਰ ਪਿੰਡਾਂ, ਇਲਾਕਿਆਂ, ਦੇਸ਼ ਪ੍ਰਦੇਸ਼ ਵਿਚ ਧਾਰਮਿਕ ਮਸਲਿਆਂ ਦੇ ਹਲ ਲਈ ਕੌਮ ਦੇ ਵਾਰਸ ਇਥੇ ਵਹੀਰਾਂ ਘਤ ਕੇ ਆਉਂਦੇ ਨੇ ਅਤੇ ਇਥੇ ਆਪਣੇ ਆਪ ਪੰਥ ਨੂੰ ਸਮਰਪਤ ਕਰਕੇ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਲੋਂ ਆਦੇਸ਼ ਹੁੰਦਾ ਹੈ ਉਸ ਨੂੰ ਖਿੜ੍ਹੇ ਮਥੇ ਪ੍ਰਵਾਨ ਕਰਦੇ ਨੇ ।

ਅਫਸੋਸ ਵਰਤਮਾਨ ਸਮੇਂ ਵਿਚ ਕੁਛ ਕੁ ਗਲ਼ਤ ਪ੍ਰਚਾਰ ਕਰ ਰਹੇ ਨੇ । ਅਜੋਕੇ ਸਮੇਂ ਇਸ ਦੀ ਅਹਮੀਅਤ ਨੂੰ ਘਟਾ ਰਹੇ ਨੇ । ਉਹ ਅਕਾਲ ਤਖ਼ਤ ਤੋਂ ਬਾਗੀ ਹੋ ਰਹੇ ਅਤੇ ਉਨ੍ਹਾਂ ਦੀ ਸੋਚ ਹੈ ਕਿ ਜੇ ਕਿਸੇ ਨੂੰ ਸਜ਼ਾ ਦੇਣੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਸੇ ਵੀ ਸਿਖ ਨੂੰ ਨੀਵਾਂ ਕਰਕੇ ਕਿਉਂ ਵਿਖਾ ਰਹੇ ਹਨ । ਸਿੰਘ ਸਾਹਿਬਾਨ ਨੂੰ ਜਥੇਦਾਰ ਸਾਹਿਬ ਨੂੰ ਉਹ ਪੁਜਾਰੀ ਕਹਿੰਦੇ ਹਨ । ਪਹਿਲੀ ਗਲ ਤਾਂ ਇਹ ਹੈ ਕਿ ਨਿਜਮੰਤਕ ਸਿਸਟਮ ਤੋਂ ਕੋਈ ਵੀ ਜਥੇਬੰਦਕ ਧਰਮਗ੍ਰੰਥ ਧਰਮ ਲਈ ਚਲ ਹੀ ਨਹੀਂ ਸਕਦਾ ।

ਉਸ ਨੂੰ ਦੇਣਾ ਹੋਰ ਗਲ ਹੈ ਤੇ ਉਸ ਤੇ ਨੁਕਤਾ ਚੀਨੀ ਕਰਨੀ ਹੋਰ ਗਲ ਹੈ। ਉਹਦੇ ਕੋਲੋਂ ਧੁਰ ਨੂੰ ਅਲਗ ਕਰ ਦੇਣਾ ਇਹ ਖਤਰਨਾਕ ਬਹੁਤ ਵਡੀ ਸ਼ਰਾਰਤ ਹੈ। ਉਂਜ ਇਹ ਸਾਰਾ ਕੁਝ ਵਰਤਮਾਨ ਪੰਥ ਵਿਚੋਂ ਛੇਕੇ ਹੋਏ ਕੁਝ ਕੁ ਦਿਮਾਗਾਂ ਦੀ ਉਪਜ ਹੈ। ਜੋ ਪੰਜ ਕਕਾਰ, ਅੰਮ੍ਰਿਤ ਵੇਲਾ, ਨਿਤਨੇਮ ਦੀਆਂ ਬਾਣੀਆਂ, ਸਿਮਰਨ ਕਰਨਾ, ਨਿਤਨੇਮ ਕਰਨਾ , ਖੰਡੇ ਬਾਟੇ ਦੀ ਅੰਮਿਤ ਦੀਆਂ ਬਾਣੀਆਂ, ਹੋਰ ਅਨੇਕਾਂ ਕੌਮੀ ਸਿਧਾਤਾਂ ਵਿਸ਼ਵਾਸਾਂ ਉਤੇ ਬੇਲੋੜਾ, ਫਜੂਲ ਵਾਦ-ਵਿਵਾਦ ਵਧਾਉਣਾ ਆਪਣੀ ਵਿਦਵਤਾ ਸਮਝਦੇ ਹਨ।

ਸੰਗਤਾਂ ਵਿਚ ਕੁਝ ਕੁ ਚਲਾਕ ਲੋਕਾਂ ਵਲੋਂ ਇਹ ਭਰਮ ਪਾਇਆ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਤਾਂ ਸਿਰਫ ਸਜ਼ਾਂ ਹੀ ਦੇਂਦਾ ਹੈ ਐਸਾ ਨਹੀਂ ਹੈ। ਆਪ ਸਾਰੇ ਮੇਰੇ ਨਾਲੋਂ ਜਿਆਦਾ ਜਾਣਦੇ ਹੋ ਕਿਉਂਕਿ ਦਾਸ ਤਾਂ ਬਹੁਤ ਛੋਟਾ ਜਿਹਾ ਆਪ ਵਿਚ ਮਹਿਸੂਸ ਕਰ ਰਿਹਾ ਹੈ। ਬਹੁਤੀ ਵਿਦਿਆ ਨਹੀਂ ਕੋਈ ਬਹੁਤੀ ਸੇਵਾ ਨਹੀਂ। ਇਹ ਤਾਂ ਸਤਿਗੁਰਾਂ ਨੇ ਆਪਣੀ ਬਖਸ਼ਿਸ ਨਾਲ ਤਰਸ ਕਰਕੇ ਇਕ ਕੀੜ੍ਹੇ ਨੂੰ ਬਖਸ਼ਸ ਕਰ ਦਿਤੀ ਕਿ ਆਪ ਸੰਗਤਾਂ ਵਿਚ ਦਰਸ਼ਨ ਕਰਨ ਲਈ ਹਾਜ਼ਰ ਹੋਏ। ਬੇਨਤੀ ਹੈ ਕਿ ਕੁਝ ਜਿਹੜੇ ਚਲਾਕ ਸ਼ਰਾਰਤੀ ਅਨਸਰ ਨੇ ਉਨ੍ਹਾਂ ਤੋਂ ਅਸੀਂ ਹਮੇਸ਼ਾ ਸਾਵਧਾਨ ਰਹਿਣਾ ਹੈ।

ਮੈਂ ਬੇਨਤੀ ਕਰਾਂ ਸਤਿਗੁਰੂ ਦੇ ਚਰਨਾ ਵਿਚ ਕਿ ਅਕਾਲ ਪੁਰਖ ਆਪ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਨੂੰ ਜੋ ਸਿਖਾਂ ਦੇ ਦਰਪੇਸ਼ ਮਸਲੇ ਤੇ ਵਿਚਾਰ ਕਰਨ ਲਈ ਬਣੀ ਹੈ, ਉਸ ਨੂੰ ਸਹੀ ਸੇਧ ਬਖਸ਼ੇ। ਜਿਹੜੀ ਅਸੀਂ ਆਪਣੀ ਮਤਿ ਸਭ ਤੋਂ ਉਚੀ ਸਮਝਦੇ ਹਾਂ ਉਸਨੂੰ ਪਾਸੇ ਰਖ ਦੇਈਏ। ਪੰਥਕ ਸੋਚ ਨੂੰ ਅਪਨਾ ਲਈਏ ਤਾਂ ਨਿਸ਼ਚਿਤ ਤੌਰ ਕੌਮ ਅਤੇ ਪੰਥ ਚੜ੍ਹਦੀ ਕਲਾਂ ਵਿਚ ਜਾਵੇ ਗੀ।

ਕਿਉਂਕਿ ਹਰ ਮਨੁੱਖ ਦਾ ਅਪਣਾ ਅਪਣਾ ਦਾਇਰਾ ਹੈ। ਜਿਹੜਾ ਮਨੁਖ ੧੦-੨੦ ਕਿਲੋਮੀਟਰ ਤੋਂ ਅਗੇ ਗਿਆ ਹੀ ਨਹੀਂ ਉਸਦੀ ਸੋਚ ਉਸ ਦਾ ਦਾਇਰਾ ਉਥੇ ਤਕ ਸੀਮਤ ਹੈ। ਜਿਸ ਮਨੁਖ ਨੇ ਆਲ ਵਰਲਡ ਤੋਂ ਜਾ ਕੇ ਲੋਕਾਂ ਨੂੰ ਦੇਖਿਆ ਹੈ। ਉਥੋਂ ਦੇ ਕਲਚਰ ਨੂੰ ਦੇਖਿਆ ਹੈ ਉਥੋਂ ਦੇ ਸੁਭਾਵਾਂ ਨੂੰ ਦੇਖਿਆ ਹੈ ਮਨੁਖਾ ਨੂੰ ਦੇਖਿਆ ਹੈ, ਉਥੋਂ ਦੇ ਵਾਤਾਵਰਨ ਨੂੰ ਦੇਖਿਆ ਹੈ ਉਹਦਾ ਹਿਰਦਾ ਉਸਦਾ ਮਾਣ ਉਸਦੀ ਸੋਚਣੀ ਬਹੁਤ ਵਿਸ਼ਾਲ ਹੋਵੇਗੀ ਅਤੇ ਜਿਹੜੇ ੧੦-੨੦ ਕਿਲੋਮੀਟਰ ਚਲਣ ਵਾਲੇ ਹਨ ਉਹ ਕਹਿੰਦੇ ਹਨ ਕਿ ਜੇ ਉਹਨਾਂ ਸਿਆਣਿਆਂ ਦੀ ਸੋਚ ਅਪਨਾ ਲਵਾਂ ਤਾਂ ਮੇਰੀ ਤਾਂ ਬੇਇਜਤੀ ਹੋ ਜਾਵੇਗੀ। ਅਸੀਂ ਪੰਥ ਦੀ ਸੋਚ ਨੂੰ ਲੈ ਕੇ ਅਪਣਾ ਕੇ ਉਸਦੇ ਅਨੁਸਾਰ ਚਲੀਏ।

ਇਕ ਗਲ ਜ਼ਰੂਰ ਹੈ ਜੋ ਬਹੁਤ ਹੀ ਸਤਿਗੁਰੂ ਪਾਤਸ਼ਾਹ ਦੀ ਬਖਸ਼ਿਸ ਦੇ ਪਾਤਰ ਆਪ ਸਾਰੇ ਬੈਠੇ ਹੋ ਮੰਚ ਤੇ ਵੀ ਬਹੁਤ ਸਤਿਕਾਰ ਯੋਗ ਹਸਤੀਆਂ ਬੈਠੀਆਂ ਹਨ, ਜੁ ਤੁਸਾਂ ਦੀ ਸੋਚ ਹੈ ਮੇਰੀ ਸੋਚ ਉਥੋਂ ਤਕ ਨਹੀਂ ਪਹੁੰਚ ਸਕਦੀ ਕਿਉਂਕਿ ਮੇਰਾ ਦਾਇਰਾ ਉਨ੍ਹਾਂ ਵਿਸ਼ਾਲ ਨਹੀਂ ਹੈ। ਕਿਉਂ ਨਾ ਮੈਂ ਤੁਹਾਡੀ ਸੋਚ ਲੈ ਕੇ ਇਸ ਅਨੁਸਾਰ ਚਲਣ ਦਾ ਜਤਨ ਕਰਾਂ। ਤੁਹਾਡੀ ਜਿਹੜੀ ਸੋਚ ਹੈ ਬਹੁਤ ਵਡੀ ਸੋਚ ਹੈ ਤੁਹਾਡੀ ਸੋਚ ਤੋਂ ਮੁਹਰ ਸ੍ਰੀ ਅਕਾਲ ਤਖ਼ਤ ਦੀ ਲਗਣੀ ਚਾਹੀਦੀ ਹੈ। ਅਤੇ ਅਕਾਲ ਤਖ਼ਤ ਸਾਹਿਬ ਦਾ ਡੰਡਾ ਹੋਵੇ ਉਸ ਦੇ ਉਤੇ ਤਾਂ ਜੁ ਉਸ ਤੇ ਕੋਈ ਕਿੰਤੂ ਪ੍ਰੰਤੂ ਨਾ ਕਰ ਸਕੇ। ਹਾਂ ਜੇ ਕੋਈ ਕਿੰਤੂ ਪ੍ਰੰਤੂ ਕਰਦਾ ਹੈ ਤਾਂ ਉਸ ਦਾ ਬਾ ਦਲੀਲ ਉਤਰ ਦਿਤਾ ਜਾਵੇ ਤਾਂ ਉਸ ਨੂੰ ਅਗਾਂ ਤੋਂ ਕੁਛ ਬੋਲਣ ਦਾ ਹੀਆਂ ਨਾਂ ਪਵੇ। ਕਈ ਵਾਰੀ ਐਸਾ ਹੁੰਦਾ ਹੈ ਕਿ ਕੋਈ ਨੁਕਤਾ ਚੀਨੀ ਕਰਦਾ ਹੈ ਅਸੀਂ ਉਨ੍ਹਾਂ ਨੂੰ ਉਤਰ ਹੀ ਨਹੀਂ ਦੇਂਦੇ ਤੇ ਪੜ੍ਹਣ ਸੁਣਨ ਵਾਲੇ ਕਹਿ ਦੇਂਦੇ ਨੇ ਉਹ ਬਿਲਕੁਲ ਠੀਕ ਹੈ ਕਿ ਇਸ ਦਾ ਉਤਰ ਕਿਸੇ ਨੇ ਵੀ ਦਿਤਾ ਨਹੀਂ। ਜੇ ਗਲਤ ਹੁੰਦਾ ਤਾਂ ਕੋਈ ਬੋਲਦਾ ਨਾ। ਇਸ ਲਈ ਬਹੁਤ ਵੱਡੀ ਜ਼ਰੂਰਤ ਹੈ ਕਿ ਸਭ ਦੇ ਸ਼ੰਕੇ ਦੂਰ ਕੀਤੇ ਜਾਣ।

ਸਤਿਗੁਰੂ ਪਾਤਸ਼ਾਹ ਰਹਿਮਤ ਕਰਨ ਇਸ ਸੁਸਾਇਟੀ ਨੂੰ ਜਿਵੇਂ ਮੈਂ ਪਹਿਲਾਂ ਕਿਹਾ ਹੈ ਕਿ ਆਪਣੀ ਸਰਵਿਸ ਦੇ ਦੌਰਾਨ ਦੇਸ਼ ਵਾਸਤੇ, ਕੌਮ ਵਾਸਤੇ, ਸਮਾਜ ਵਾਸਤੇ ਬਹੁਤ ਵੱਡੀ ਦੇਣ ਦਿਤੀ ਹੈ। ਸਰਦਾਰ ਗੁਰਦੇਵ ਸਿੰਘ ਨੂੰ ਮੁਕਤਸਰ ਦਾ ਇਲਾਕਾ ਬਹੁਤ ਸਤਿਕਾਰ ਨਾਲ ਯਾਦ ਕਰਦਾ ਹੈ। ਜਿਹੜੀਆਂ ਸੇਵਾਵਾਂ ਇਨ੍ਹਾਂ ਆਪਣੀ ਡਿਊਟੀ ਦੇ ਦੌਰਾਨ ਨਿਭਾਇਆਂ ਨੇ ਅਜ ਵੀ ਸੰਗਤਾਂ ਯਾਦ ਕਰਦੀਆਂ ਨੇ ਕਿ ਐਸਾ ਡੀ ਸੀ ਸਾਹਿਬ ਅਜ ਤਕ ਇਥੇ ਨਹੀਂ ਆਇਆ। ਆਪ ਸੰਗਤਾਂ ਦੇ ਦਰਮਿਆਨ ਸੇਵਾ ਲਈ ਦਰਪਨ ਨੇ।

ਸ੍ਰੀ ਅਕਾਲ ਤਖ਼ਤ ਦੀ ਮਾਨ ਮਰਿਆਦਾਂ, ਸ੍ਰੀ ਅਕਾਲ ਤਖ਼ਤ ਦੀ ਮਹਾਨਤਾ, ਸ੍ਰੀ ਅਕਾਲ ਤਖ਼ਤ ਦੀ ਸਰਬਉਚਤਾ ਬਾਰੇ ਜੋ ਕਿ ਵਿਸ਼ਾ ਇਥੇ ਬਹੁਤ ਸ਼ਲਾਘਾਯੋਗ ਹੈ ਇਸ ਵਿਸ਼ੇ ਨੂੰ ਅਸੀਂ ਹਰ ਸਿਖ ਤਕ ਪਹੁੰਚਾਉਣ ਦਾ ਜਤਨ ਕਰੀਏ। ਹਰ ਸਿਖ ਹੀ ਕਿਉਂ ਅਸੀਂ ਹਰ ਕੌਮ ਦੇ ਹਰ ਬਸ਼ਰ ਤਕ ਇਸ ਨੂੰ ਪਹੁੰਚਾਉਣ ਦਾ ਜਤਨ ਕਰੀਏ ਤਾਂ ਕਿ ਉਨ੍ਹਾਂ ਦੇ ਮਨ ਵਿਚ ਵੀ ਸ੍ਰੀ ਅਕਾਲ ਤਖ਼ਤ ਦਾ ਸਤਿਕਾਰ ਬਣੇ ਅਤੇ ਉਹ ਵੀ ਸਮਝਣ ਸਿਖਾਂ ਵਿਚ ਇਕੋ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਹੈ ਜਿਥੇ ਜਾ ਕੇ ਸਿਖ ਸ੍ਰੀ ਗੁਰੂ

ਗ੍ਰੰਥ ਸਾਹਿਬ ਦੇ ਅਤੇ ਸ੍ਰੀ ਅਕਾਲ ਤਖ਼ਤ ਦੇ ਅੱਗੇ ਨਤਮਸਤਕ ਹੁੰਦਾ ਹੈ ਅਤੇ ਉਸ ਦੇ ਹਰ ਹੁਕਮ ਨੂੰ ਮੰਨਦਾ ਹੈ।

ਅਜ ਕੁਝ ਕੁ ਮਨੁਖ ਮੁਨਕਰ ਨੇ ਕਿਉਂਕਿ ਸਾਡੇ ਵਿਚ ਵੀ ਕੁਝ ਕੁ ਕਮਜੋਰੀਆਂ ਆ ਜਾਂਦੀਆਂ ਨੇ ਸਾਨੂੰ ਅਪਣੀਆਂ ਕਮਜੋਰੀਆਂ ਦੂਰ ਕਰਨੀਆਂ ਚਾਹੀਦੀਆਂ ਨੇ। ਦੂਸਰੇ ਨੂੰ ਕਹਿਣ ਤੋਂ ਪਹਿਲੇ ਆਪਾ ਵੀ ਸਵਾਰਨ ਦੀ ਜ਼ਰੂਰਤ ਹੈ ਪਰ ਅਜੇ ਇਹ ਸਾਡੇ ਵਿਚ ਆਦਤ ਬਣੀ ਨਹੀਂ। ਅਸੀਂ ਆਪਾ ਸੰਵਾਰਨ ਦਾ ਜਤਨ ਨਹੀਂ ਕਰਦੇ ਹਾਲਾਂਕਿ ਸਤਿਗੁਰ ਨੇ ਉਪਦੇਸ਼ ਬਖਸ਼ਿਆ ਹੈ

ਪਹਿਲੇ ਮਨ ਪਰਬੋਧੈ ਆਪਣਾ
ਪਾਛੈ ਅਵਰ ਰੀਝਾਵੇ ॥

ਪਹਿਲਾਂ ਆਪਣੀ ਖੇਤੀ ਦੀ ਰਾਖੀ ਕਰੀਏ, ਦੂਸਰੇ ਦਾ ਖਲਵਾੜਾ ਫਿਰ ਵੇਖ ਲਵਾਂਗਾਂ। ਪਰ ਅਸੀਂ ਆਪਣੀ ਖੇਤੀ ਤਾਂ ਸਾਂਭਦੇ ਨਹੀਂ, ਦੂਜੇ ਦੀ ਚਿੰਤਾ ਕਰਦੇ ਹਾਂ। ਆਪਣਾ ਸਭ ਕੁਝ ਉਜੜ ਜਾਂਦਾ ਹੈ। ਐਸਾ ਹੋ ਰਿਹਾ ਹੈ। ਇਸ ਲਈ ਸਤਿਗੁਰੂ ਪਾਤਸ਼ਾਹ ਜੀ ਰਹਿਮਤ ਕਰਨ ਸ੍ਰੀ ਅਕਾਲ ਤਖ਼ਤ ਸਾਹਿਬ ਕੌਮ ਦੇ ਵਿਚ, ਸਮਾਜ ਦੇ ਵਿਚ ਸੇਵਾਵਾਂ ਕਰਨ ਵਾਲਿਆਂ ਨੂੰ ਸਤਿਕਾਰ ਦੇਂਦਾ ਹੈ।

ਪਰ ਕੋਈ ਗੁਰੂ ਦੇ ਆਸ਼ੇ ਤੋਂ ਮੁਨਕਿਰ ਹੈ ਤਾਂ ਉਸ ਨੂੰ ਕਿਸੇ ਸਜ਼ਾਂ ਦੇ ਰੂਪ ਦੇ ਵਿਚ ਨਹੀਂ ਉਹਦੀ ਆਤਮਾ ਨੂੰ ਜਾਗਰੂਕ ਕਰਨ ਵਾਸਤੇ ਉਸਨੂੰ ਇਹ ਇਹਸਾਸ ਕਰਾਉਣ ਵਾਸਤੇ ਉਥੇ ਬੁਲਾ ਕੇ ਉਸਨੂੰ ਕੁਝ ਧਾਰਮਿਕ ਨਿਯਮਾ ਦੇ ਅਨੁਸਾਰ ਤਨਖਾਹ ਲਗਾਈ ਜਾਂਦੀ ਹੈ ਇਸ ਲਈ ਅਸੀਂ ਇਹ ਸਾਰਾ ਜੁ ਕੁਝ ਅਜ ਵਰਤ ਰਿਹਾ ਹੈ ਇਸ ਨੂੰ ਅਗਰ ਅਸੀਂ ਸੁਲਝਾਉਣਾ ਚਾਹੀਏ ਤਾਂ ਐਸੀ ਕੋਈ ਬਾਤ ਨਹੀਂ ਜੋ ਨਾ ਹੋ ਸਕੇ। ਸਤਿਗੁਰੂ ਪਾਤਸ਼ਾਹ ਕਿਰਪਾ ਕਰਨ ਤੁਸੀਂ ਸਾਰੇ ਸਹਿਯੋਗ ਦਿਓ, ਸਤਿਗੁਰ ਇਨ੍ਹਾਂ ਨੂੰ ਬਲ ਬਖਸ਼ਿਸ ਕਰਨ ਇਸੇ ਤਰ੍ਹਾਂ ਆਪ ਬੁੱਧੀ ਜੀਵੀਆਂ ਨਾਲ ਵਿਚਾਰ ਕਰਕੇ ਕੋਈ ਸਾਰਥਕ ਹਲ ਕਢ ਸਕਣ।

ਸਾਡੀ ਤਾਂ ਗਿਣਤੀ ਬਹੁਤ ਘੱਟ ਹੈ ਅਸੀਂ ਉਸ ਦੇ ਵਿਚ ਵੀ ਵੰਡੀਆਂ ਪਾਈਆਂ ਹੋਈਆ ਹਨ। ਨੌ ਪੂਰਬੀਏ ਬਾਰਾ ਚੁਲ੍ਹੇ ਵਾਲੀ ਗੱਲ ਬਣੀ ਹੋਈ ਹੈ। ਅਗਰ ਸਾਰਿਆਂ ਨੂੰ ਸ੍ਰੀ ਅਕਾਲ ਤਖ਼ਤ ਤੇ ਇਕਠਿਆਂ ਕਰਕੇ ਗੁਰਮਤਿ ਦੇ ਅਨੁਸਾਰ ਉਨ੍ਹਾਂ ਨੂੰ ਇਕ ਲੜ੍ਹੀ ਦੇ ਵਿਚ ਪ੍ਰੋ ਲਿਆ ਜਾਵੇ ਤਾਂ ਬਹੁਤ ਵੱਡੀ ਪ੍ਰਾਪਤੀ ਹੋਵੇਗੀ। ਸਤਿਗੁਰ ਪਾਤਸ਼ਾਹ ਰਹਿਮਤ ਕਰਨ। ਦਾਸ ਡਾਕਟਰ ਸਾਹਿਬ ਦਾ ਬਹੁਤ ਰਿਣੀ ਹੈ ਜਿਨ੍ਹਾਂ ਨੇ ਬਖ਼ਸ਼ਿਸ ਕਰਕੇ ਹੁਕਮ ਕੀਤਾ ਸੰਗਤਾਂ ਦੇ ਦਰਸ਼ਨ ਕਰਨ ਦਾ, ਬਹੁਤ ਹੀ ਸਤਿਕਾਰਤ ਹਸਤੀਆਂ ਦੇ ਦਰਸ਼ਨ ਕਰਨ ਦਾ। ਉਨ੍ਹਾਂ ਦੇ ਵਿਚਾਰ ਸੁਣਨ ਦਾ ਸੁਭਾਗ ਪ੍ਰਾਪਤ ਹੋਈਆਂ ਭੁਲਾਂ ਚੁਕਾਂ ਦੀ ਖਿਮਾ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ ॥

¤